# ਦੇਸ਼ ਭਗਤੀ/ ਪੰਜਾਬੀਅਤ ਦਾ ਸੰਕਲਪ

ਸ਼ਾਹ ਮੁਹੰਮਦ ਦੀ ਪੰਜਾਬੀਅਤ/ ਦੇਸ਼ ਭਗਤੀ ਦੇ ਸੰਕਲਪ ਸੰਬੰਧੀ ਵਿਚਾਰ-ਚਰਚਾ ਆਰੰਭ ਕਰਨ ਤੋਂ ਪਹਿਲਾਂ ਇਕ ਪੰਛੀ ਝਾਤ ਸ਼ਾਹ ਮੁਹੰਮਦ ਦੀ ਸ਼ਖਸੀਅਤ ਅਤੇ ਉਸ ਦੁਆਰਾ ਰਚਿਤ ਰਚਨਾ 'ਜੰਗ ਸਿੰਘਾਂ ਤੇ ਫਰੰਗੀਆਂ' ਉਪਰ ਪਾਉਣੀ ਅਨਿਵਾਰੀ ਹੈ।

ਸ਼ਾਹ ਮੁਹੰਮਦ ਦੁਆਰਾ ਰਚਿਤ 'ਜੰਗ ਸਿੰਘਾ ਤੇ ਫਰੰਗੀਆ' ਪੰਜਾਬੀ ਸਾਹਿਤ ਦੀ ਬਹੁਤ ਹੀ ਸਲਾਹੁਣਯੋਗ, ਸਤਿਕਾਰਯੋਗ ਅਤੇ ਉਲੇਖਣਯੋਗ ਇਕ ਅਮਰ ਰਚਨਾ ਹੈ। ਜਿਹੜੀ ਕਿ ਸ਼ਾਹ ਮੁਹੰਮਦ ਦੀ ਪਰਿਪੱਕ ਇਤਿਹਾਸਿਕ ਵਿਚਾਰਧਾਰਾ, ਅਤੇ ਉਤਕ੍ਰਿਸ਼ਟ ਲੇਖਣੀ ਦਾ ਪਰਿਚਯ ਕਰਾਉਣ ਵਾਲੀ ਇਕ ਅਨੁਪਮ ਰਚਨਾ ਹੈ। ਜਿਸ ਵਿਚੋਂ ਉਸ ਦੀ ਦੇਸ਼ ਭਗਤੀ ਅਤੇ ਪੰਜਾਬੀਅਤ ਦਾ ਜਜ਼ਬਾ ਉਮਡ-ਉਮਡ ਪੈਂਦਾ ਹੈ। ਉਸਦੀ ਇਸ ਉਤਕ੍ਰਿਸ਼ਟ ਲੇਖਣੀ ਸਦਕਾ ਉਸ ਨੂੰ ਵਿਦਵਾਨਾਂ ਵੱਲੋਂ 'ਪੰਜਾਬ ਦਾ ਕੌਮੀ ਕਵੀ' 'ਪੰਜਾਬ ਦੀ ਆਵਾਜ਼' 'ਪੰਜਾਬ ਦੀ ਰੂਹ' ਕਹਿ ਕੇ ਸਤਿਕਾਰਿਆ ਅਤੇ ਵਡਿਆਇਆ ਗਿਆ ਹੈ। ਸ਼ਾਹ ਮੁਹੰਮਦ ਦੀ ਇਹ ਰਚਨਾ ਇਤਿਹਾਸਿਕ ਕਵਿਤਾ ਦਾ ਅਤਿ-ਸੁੰਦਰ ਨਮੂਨਾ ਪੇਸ਼ ਕਰਦੀ ਹੈ, ਜਿਸ ਨੂੰ ਕਈ ਹੋਰ ਨਾਮਾਂ ਦੁਆਰਾ ਵੀ ਪਹਿਚਾਣਿਆ ਜਾਂਦਾ ਹੈ।

ਡਾ. ਗੀਤਾ ਸਿੰਘ ਅਨੁਸਾਰ,

> "ਸ਼ਾਹ ਮੁਹੰਮਦ ਪੰਜਾਬ ਦਾ ਇਕ ਬੜੇ ਉਚ ਪਾਏ ਦਾ ਕਵੀ ਹੈ, ਜਿਸ ਦੀ 'ਅੰਗਰੇਜ਼ਾਂ ਤੇ ਸਿੰਘਾਂ ਦੀ ਲੜਾਈ' ਨਾਮੀ ਪ੍ਰਸਿੱਧ ਅਤੇ ਦਿਲ ਖਿਚਵੀਂ ਰਚਨਾ ਨੇ ਇਸ ਨੂੰ ਅਮਰ ਕਰ ਦਿੱਤਾ ਹੈ। ਇਹ ਰਚਨਾ ਹੋਰ ਕਈ ਨਾਵਾਂ ਨਾਲ ਵੀ ਪ੍ਰਸਿੱਧ ਹੈ, ਜਿਵੇਂ ਕਿ 'ਕਿੱਸਾ ਸ਼ਾਹ-ਮੁਹੰਮਦ, ਵਾਰ ਸ਼ਾਹ ਮੁਹੰਮਦ, ਸ਼ਾਹ ਮੁਹੰਮਦ ਦੇ ਬੈਂਤ, ਜੰਗਨਾਮਾ ਸਿੰਘਾਂ ਤੇ ਫਰੰਗੀਆ ਦਾ ਆਦਿ।"
>
> (ਸ਼ਾਹ ਮੁਹੰਮਦ: ਜੀਵਨ ਤੇ ਰਚਨਾ, ਭੀਮ ਇੰਦਰ ਸਿੰਘ/117)

ਇਸ ਰਚਨਾ ਦਾ ਮੂਲ ਵਿਸ਼ਾ ਮਹਾਰਾਜਾ ਰਣਜੀਤ ਸਿੰਘ ਦੀ

ਮੌਤ ਤੋਂ ਬਾਅਦ ਲਾਹੌਰ ਦਰਬਾਰ ਵਿਚ ਸੱਤ ਸਾਲ ਤੱਕ ਫੈਲੀ ਅਰਾਜਕਤਾ, ਲਾਹੌਰ ਦਰਬਾਰ ਵਿਚ ਕਤਲੋਆਮ ਅਤੇ ਸਿੰਘਾਂ ਤੇ ਅੰਗਰੇਜ਼ਾਂ ਵਿਚ ਹੋਈ ਜੁੱਧ-ਵਾਰਤਾ ਨੂੰ ਪੇਸ਼ ਕਰਦਾ ਹੈ। ਸ਼ਾਹ ਮੁਹੰਮਦ ਨੇ ਇਹ ਰਚਨਾ ਰਚ ਕੇ ਪੰਜਾਬੀਆਂ ਦੀ ਸੁੱਤੀ ਹੋਈ ਅਣਖ ਨੂੰ ਵੰਗਾਰਿਆ ਹੈ। ਸ਼ਾਹ ਮੁਹੰਮਦ ਇਸ ਰਚਨਾ ਵਿਚਲੇ ਦੁਖਾਂਤ ਨੂੰ ਜਥਾਰਥਮਈ ਢੰਗ ਨਾਲ ਕੋਮਲ ਅਤੇ ਸੂਖਮ ਭਾਵਾਂ ਦੁਆਰਾ ਇੰਨੀ ਸਹਿਜਤਾ ਅਤੇ ਸੁਭਾਵਿਕਤਾ ਨਾਲ ਪ੍ਰਗਟਾ ਜਾਂਦਾ ਹੈ ਕਿ ਇਸ ਦੇ ਦੁੱਖ ਵਿਚ ਪਾਠਕ ਵੀ ਦੁਖ ਉਠਦੇ ਹਨ। ਅਤੇ ਇਸ ਦੁਆਰਾ ਪ੍ਰਗਟਾਈਆਂ ਭਾਵਨਾਵਾਂ ਵਿਚ ਗੜੂੰਦ ਹੋ ਕੇ ਰਹਿ ਜਾਂਦੇ ਹਨ। ਇਹ ਗੁਣ ਇਸ ਦੇ ਉੱਤਮ ਕਵੀ ਹੋਣ ਦੀ ਗਵਾਹੀ ਭਰਦਾ ਹੈ।

ਡਾ. ਰਤਨ ਸਿੰਘ ਜੱਗੀ ਅਨੁਸਾਰ,

> “ਸ਼ਾਹ ਮੁਹੰਮਦ ਪੰਜਾਬੀ ਦਾ ਪਹਿਲਾ ਅਜਿਹਾ ਕਵੀ ਹੈ, ਜਿਸ ਨੇ ਜਥਾਰਥ ਭੂਮੀ ਉੱਤੇ ਟਿਕ ਕੇ ਦੇਸ਼ ਪਿਆਰ ਦੀ ਅਤੇ ਇਤਿਹਾਸ ਵਰਣਕ ਵਧੀਆ ਕਵਿਤਾ ਲਿਖੀ ਹੈ।”

ਸੋ ਕਿਹਾ ਜਾ ਸਕਦਾ ਹੈ ਕਿ ਸ਼ਾਹ ਮੁਹੰਮਦ ਦੁਆਰਾ ਰਚਿਤ 'ਜੰਗ ਸਿੰਘਾਂ ਤੇ ਫਰੰਗੀਆਂ' ਵਿਚ ਇਸ ਦੀ ਵਿਲੱਖਣ ਸਹਾਨੁਭੂਤੀ, ਵਿਸ਼ੇਸ਼ ਵਿਚਾਰਧਾਰਕ ਸੋਚ ਅਤੇ ਸ਼ਿਲਪ ਦੀ ਕਲਾਤਮਕਤਾ ਇਸ ਨੂੰ ਬਾਕੀ ਸਾਹਿਤਕ ਰਚਨਾਵਾਂ ਤੋਂ ਵਖਰਿਆਉਂਦੀ ਹੈ। ਇਹ ਰਚਨਾ ਇਤਿਹਾਸ, ਸਾਹਿਤਕ ਅਤੇ ਕਲਾਤਮਕ ਅੰਸ਼ਾਂ ਦਾ ਭਰਪੂਰ ਖਜ਼ਾਨਾ ਹੈ। ਇਸ ਦੀ ਰਚਨਾ ਵਿਚ ਇਕ ਅਜਿਹਾ ਜਾਦੂ ਹੈ ਜਿਸ ਨੂੰ ਸਰੋਤੇ ਜਿਉਂ-ਜਿਉਂ ਪੜ੍ਹਦੇ ਹਨ, ਇਸਦੇ ਵਿਲੱਖਣ ਅਤੇ ਅਲੌਕਿਕ ਰਸ ਨੂੰ ਗ੍ਰਹਿਣ ਕਰਦੇ ਹਨ। ਇਸ ਸੰਬੰਧੀ

ਪ੍ਰੋ. ਕਿਰਪਾਲ ਸਿੰਘ ਕਸੇਲ ਲਿਖਦੇ ਹਨ,

> “ਇਸ (ਸ਼ਾਹ ਮੁਹੰਮਦ) ਦੀ ਕਾਵਿ ਪ੍ਰਤਿਭਾ, ਪੱਕੀ ਰਸੀ ਸੂਝ ਬੂਝ, ਸੁਘੜਤਾ ਵਾਲੀ ਸਿਆਣਪ ਤੇ ਰਸਿਕ ਕਟਾਖਾਂ ਨਾਲ

ਭਰਪੂਰ ਅਹਿਸਾਸ, ਉਸ ਦੇ ਪਕੇਰੇ
ਰਸਾਤਮਕ ਵਿਅਕਤੀਤਵ ਦੀ ਸਾਖੀ
ਭਰਦੇ ਹਨ।"

(ਸ਼ਾਹ ਮੁਹੰਮਦ : ਜੀਵਨ ਤੇ ਰਚਨਾ, ਭੀਮ ਇੰਦਰ ਸਿੰਘ/15)

ਪਰ ਇਥੇ ਸਾਡਾ ਮੁਖ ਵਿਸ਼ਾ ਸ਼ਾਹ ਮੁਹੰਮਦ ਦੀ ਦੇਸ਼-ਭਗਤੀ ਅਤੇ ਪੰਜਾਬੀਅਤ ਦੇ ਸੰਕਲਪ ਨੂੰ ਪੇਸ਼ ਕਰਨਾ ਹੈ।

ਸ਼ਾਹ ਮੁਹੰਮਦ ਸਾਂਝੀ ਪੰਜਾਬੀਅਤ ਦਾ ਕਵੀ ਹੈ। ਉਹ ਪੰਜਾਬੀ ਦਾ ਕੌਮੀ ਸ਼ਾਇਰ ਹੈ। ਉਸ ਦੀ ਰਚਨਾ ਨੂੰ ਪੜ੍ਹ ਕੇ ਉਸ ਦੀ ਪੰਜਾਬੀਅਤ, ਉਸ ਦੀ ਦੇਸ਼-ਭਗਤੀ ਅਤੇ ਉਸ ਦੀ ਰਾਸ਼ਟਰ ਭਾਵਨਾ ਸਪੱਸ਼ਟ ਰੂਪ ਵਿਚ ਦ੍ਰਿਸ਼ਟੀ-ਗੋਚਰ ਹੁੰਦੀ ਹੈ। ਉਸ ਨੂੰ ਪੰਜਾਬ ਦੀ ਧਰਤੀ ਅਤੇ ਇਥੋਂ ਦੇ ਲੋਕਾਂ ਨਾਲ ਵਿਸ਼ੇਸ਼ ਪਿਆਰ ਸੀ। ਪੰਜਾਬੀਆਂ ਦੇ ਸਾਂਝੇ ਰਾਜ ਦੇ ਖ਼ਤਮ ਹੋਣ ਤੇ ਸ਼ਾਹ-ਮੁਹੰਮਦ ਨੂੰ ਬਹੁਤ ਦੁੱਖ ਹੋਇਆ ਹੈ ਅਤੇ ਉਹ ਦੁੱਖੀ ਹੌਕੇ ਪਾਉਂਦਾ ਹੈ। ਉਸਦੀ ਦੇਸ਼-ਭਗਤੀ ਦਾ ਇਹ ਇਕ ਬਹੁਤ ਵੱਡਾ ਸਬੂਤ ਹੈ।

## ਪ੍ਰਿ. ਸੰਤ ਸਿੰਘ ਸੇਖੋਂ ਅਨੁਸਾਰ,

"ਸ਼ਾਹ ਮੁਹੰਮਦ ਨੇ ਸਿੰਘਾਂ ਤੇ ਅੰਗਰੇਜ਼ਾਂ ਦੀ ਲੜਾਈ ਇਕ ਪੈਗ਼ੰਬਰ ਕਵੀ ਦੀ ਹੈਸੀਅਤ ਵਿਚ ਨਹੀਂ ਲਿਖੀ, ਨਿਰੋਲ ਹਮਦਰਦੀ ਦੇ ਅਧੀਨ ਲਿਖੀ ਹੈ। ਇਹ ਨਿਰਸੰਦੇਹ ਪੰਜਾਬ ਦੀ ਆਨ ਸ਼ਾਨ, ਜ਼ਿੰਦਗੀ ਤੇ ਸੂਰਬੀਰਤਾ ਦਾ ਇਕ ਦਰਦ ਭਰਿਆ ਗੀਤ ਹੈ, ਜਿਸ ਨੂੰ ਜਿਉਂ ਜਿਉਂ ਪੰਜਾਬ ਵਧੇ ਫੁਲੇਗਾ, ਗਾਏਗਾ।"

(ਜੰਗ ਸਿੰਘਾਂ ਤੇ ਅੰਗਰੇਜ਼ਾਂ, ਸੰਪਾ. ਬਲਬੀਰ ਸਿੰਘ ਪੂਨੀ/64)

ਸਿੰਘਾਂ ਅਤੇ ਅੰਗਰੇਜ਼ਾਂ ਦੀ ਲੜਾਈ ਸਮੇਂ ਪੰਜਾਬ ਤੇ ਭਾਰਤ ਦੋ ਅਲੱਗ ਦੇਸ਼ ਸਨ, ਜਿਨ੍ਹਾਂ ਨੂੰ ਸ਼ਾਹ ਮੁਹੰਮਦ ਨੇ ਪਾਤਸ਼ਾਹੀਆਂ ਕਿਹਾ ਹੈ। ਪੰਜਾਬੀਅਤ ਨੂੰ ਪਿਆਰ ਕਰਨ ਵਾਲਾ ਸ਼ਾਹ ਮੁਹੰਮਦ ਪੰਜਾਬ

ਨੂੰ ਹੀ ਆਪਣਾ ਦੇਸ਼ ਸਮਝਦਾ ਹੈ। ਸ਼ਾਹ ਮੁਹੰਮਦ ਦੀ ਪੰਜਾਬੀਅਤ, ਉਸ ਦੀ ਦੇਸ਼ ਭਗਤੀ ਤੇ ਰਾਸ਼ਟਰੀ ਭਾਵਨਾ ਦਾ ਇਕ ਵੱਡਾ ਸਬੂਤ ਇਹ ਹੈ ਕਿ ਸਿੰਘਾਂ ਤੇ ਅੰਗਰੇਜ਼ਾਂ ਦੀ ਲੜਾਈ ਦੇ ਸੰਬੰਧ ਵਿਚ ਜਿਥੇ ਇਕ ਸਮਕਾਲੀ ਕਵੀ ਮਿਰਜ਼ਾ ਗਾਲਿਬ ਨੇ ਵਿਦੇਸ਼ੀ ਹਮਲਾਵਰ ਦਾ ਪੱਖ ਪੂਰਿਆ ਹੈ, ਉਥੇ ਸ਼ਾਹ ਮੁਹੰਮਦ ਨੇ ਵਿਦੇਸ਼ੀ ਰਾਜ ਦੇ ਸਥਾਪਤ ਹੋ ਜਾਣ ਤੇ ਦੁੱਖ ਪ੍ਰਗਟ ਕੀਤਾ! ਇਹ ਗੱਲ ਸ਼ਾਹ ਮੁਹੰਮਦ ਨੂੰ ਇਕ ਰਾਸ਼ਟਰ ਵਾਦੀ ਕਵੀ ਸਿੱਧ ਕਰਦੀ ਹੈ!

## ਡਾ. ਰਤਨ ਸਿੰਘ ਜੱਗੀ ਅਨੁਸਾਰ,

> "ਸ਼ਾਹ ਮੁਹੰਮਦ ਸਾਡੀ ਉਸ ਵੇਲੇ ਦੀ ਪੰਜਾਬੀਅਤ ਦਾ ਸਾਖੀ ਹੈ ਅਤੇ ਆਉਣ ਵਾਲੀ ਪੰਜਾਬੀਅਤ ਦੇ ਸਰੂਪ ਦਾ ਸਰੂਪ ਦਰਸਾਤਾ ਹੈ! ਉਸ ਦੇ ਬੋਲਣ ਅਤੇ ਤਟਸਥ ਵਰਣਨ ਨੂੰ ਦੇਖ ਕੇ ਹੀ ਰਾਏ ਬਣਦੀ ਹੈ ਕਿ ਦੇਸ਼ ਪਿਆਰ ਹੀ ਉਸ ਦੇ ਕਾਵਿ ਦੀ ਮੂਲ ਭਾਵਨਾ ਹੈ।"

ਸ਼ਾਹ ਮੁਹੰਮਦ ਨੇ ਆਪਣੇ ਜੰਗਨਾਮੇ ਦੇ ਆਰੰਭ ਵਿਚ ਹੀ ਅੰਗਰੇਜ਼ਾਂ ਦੇ ਪੰਜਾਬ ਵਿਚ ਆਉਣ ਨੂੰ ਹਿੰਦੂਆਂ ਤੇ ਮੁਸਲਮਾਨਾਂ ਦੇ ਸਿਰ ਇਕ ਆਫ਼ਤ ਦੱਸਿਆ ਹੈ। ਇਸ ਪ੍ਰਸੰਗ ਵਿਚ ਭਾਵੇਂ ਉਸ ਨੇ ਸਿੱਖਾਂ ਦਾ ਜ਼ਿਕਰ ਨਹੀਂ ਕੀਤਾ, ਪਰ ਉਹ ਅਸਿੱਧੇ ਰੂਪ ਵਿਚ ਸਿੱਖਾਂ / ਸਿੰਘਾਂ ਨੂੰ ਹਿੰਦੂਆਂ ਦਾ ਹੀ ਅੰਗ ਮੰਨਦਾ ਹੈ ਅਤੇ ਅੰਗਰੇਜ਼ਾਂ ਨੂੰ ਤੀਸਰੀ ਜ਼ਾਤ ਕਹਿੰਦਾ ਹੈ। ਇਥੇ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਸ਼ਾਹ ਮੁਹੰਮਦ ਅੰਗਰੇਜ਼ਾਂ ਦੇ ਪੰਜਾਬ ਵਿਚ ਆਉਣ ਨੂੰ ਪਸੰਦ ਨਹੀਂ ਕਰਦਾ, ਕਿਉਂਕਿ ਉਸ ਨੂੰ ਪੰਜਾਬੀਆਂ ਦਾ ਆਪਣਾ ਰਾਜ ਹੀ ਪਸੰਦ ਸੀ।

## ਸ਼ਾਹ ਮੁਹੰਮਦ ਕਹਿੰਦਾ ਹੈ:

- ਰਾਜ਼ੀ ਬਹੁਤ ਰਹਿੰਦੇ ਮੁਸਲਮਾਨ ਹਿੰਦੂ,  
  ਸਿਰ ਦੋਹਾਂ ਦੇ ਉਤੇ ਆਫ਼ਾਤ ਆਈ।  
  ਸ਼ਾਹ ਮੁਹੰਮਦਾ ਵਿਚ ਪੰਜਾਬ ਦੇ ਜੀ,  
  ਕਦੇ ਨਹੀਂ ਸੀ ਤੀਸਰੀ ਜ਼ਾਤ ਆਈ।

ਸ਼ਾਹ ਮੁਹੰਮਦ ਨੇ ਆਪਣੇ ਜੰਗਨਾਮੇ ਦੇ ਸ਼ੁਰੂ ਵਿਚ ਮਹਾਰਾਜਾ ਰਣਜੀਤ ਸਿੰਘ ਨੂੰ ਯਾਦ ਕੀਤਾ ਹੈ ਅਤੇ ਉਸ ਦੇ ਰਾਜ ਦੀ ਪ੍ਰਸੰਸਾ ਕੀਤੀ ਹੈ। ਇਕ ਮੁਸਲਮਾਨ ਕਵੀ ਹੁੰਦਿਆਂ ਹੋਇਆਂ ਵੀ ਸਿੱਖ ਬਾਦਸ਼ਾਹ ਦੇ ਰਾਜ ਦੀ ਪ੍ਰਸੰਸਾ ਕਰਨੀ ਅਤੇ ਉਸ ਬਾਦਸ਼ਾਹ ਦੀ ਅਣਹੋਂਦ ਨੂੰ ਪੀੜਤ ਹਿਰਦੇ ਨਾਲ ਅਨੁਭਵ ਕਰਨਾ ਸ਼ਾਹ ਮੁਹੰਮਦ ਦੀ ਪੰਜਾਬੀਅਤ ਅਤੇ ਦੇਸ਼ ਭਗਤੀ ਦਾ ਬਹੁਤ ਵੱਡਾ ਸਬੂਤ ਹੈ। ਮਹਾਰਾਜਾ ਰਣਜੀਤ ਸਿੰਘ ਦੀ ਸ਼ਖ਼ਸੀਅਤ ਅਤੇ ਰਾਜ ਬਾਰੇ ਸ਼ਾਹ ਮੁਹੰਮਦ ਲਿਖਦਾ ਹੈ:

- ਮਹਾਂਬਲੀ ਰਣਜੀਤ ਸਿੰਘ ਹੋਇਆ ਪੈਦਾ,
  ਨਾਲ ਜ਼ੋਰ ਦੇ ਮੁਲਕ ਹਿਲਾਇ ਗਿਆ।
  ਮੁਲਤਾਨ, ਕਸ਼ਮੀਰ, ਪਸ਼ੌਰ, ਚੰਬਾ,
  ਜੰਮੂ ਕਾਂਗੜਾ ਕੋਟ ਨਿਵਾਇ ਗਿਆ।.....
  ਸ਼ਾਹ ਮੁਹੰਮਦਾ ਜਾਣ ਪਚਾਸ ਬਰਸਾਂ,
  ਅੱਛਾ ਰੱਜ ਕੇ ਰਾਜ ਕਮਾਇ ਗਿਆ।

ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਸਿੱਖ ਫ਼ੌਜਾਂ ਨੂੰ ਯੋਗ ਅਗਵਾਈ ਨਾ ਮਿਲਣ ਕਾਰਨ ਅਤੇ ਕੁਝ ਆਗੂਆਂ ਦੀ ਗ਼ਦਾਰੀ ਕਾਰਨ ਪੰਜਾਬੀਆਂ ਨੂੰ ਹਾਰ ਦਾ ਮੂੰਹ ਵੇਖਣਾ ਪਿਆ। ਇਸੇ ਲਈ ਮਹਾਰਾਜਾ ਰਣਜੀਤ ਸਿੰਘ ਦੀ ਅਣਹੋਂਦ ਨੂੰ ਕਵੀ ਪੀੜਤ ਹਿਰਦੇ ਨਾਲ ਅਨੁਭਵ ਕਰਦਾ ਹੈ:

- ਜੰਗ ਹਿੰਦ ਪੰਜਾਬ ਦਾ ਹੋਣ ਲੱਗਾ,
  ਦੋਵੇਂ ਪਾਤਸ਼ਾਹੀ ਫ਼ੌਜਾਂ ਭਾਰੀਆਂ ਨੀ।
  ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ,
  ਜਿਹੜੀਆਂ ਖ਼ਾਲਸੇ ਨੇ ਤੇਗਾਂ ਮਾਰੀਆਂ ਨੀ।.....
  ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ,
  ਫ਼ੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ।

ਮਹਾਰਾਜਾ ਰਣਜੀਤ ਸਿੰਘ ਸ਼ਾਹ ਮੁਹੰਮਦ ਲਈ ਸਤਿਕਾਰ ਤੇ ਸ਼ਰਧਾ ਦੇ ਪਾਤਰ ਹਨ। ਇਸ ਜੰਗਨਾਮੇ ਦੀ ਪਿਠ ਭੂਮੀ 'ਚ ਮਹਾਰਾਜਾ ਰਣਜੀਤ ਸਿੰਘ ਦੀ ਸ਼ਖ਼ਸੀਅਤ ਇਕ ਪ੍ਰੇਰਨਾ ਦੇ ਰੂਪ ਵਿਚ ਕੰਮ

ਕਰਦੀ ਹੈ। ਉਹ ਮਹਾਰਾਜਾ ਰਣਜੀਤ ਸਿੰਘ ਲਈ 'ਮਹਾਬਲੀ' ਸ਼ਬਦ ਦਾ ਵਿਸ਼ੇਸ਼ਣ ਵਰਤਦਾ ਹੈ।

ਡਾ. ਹਰਿਭਜਨ ਸਿੰਘ ਲਿਖਦੇ ਹਨ,

> "ਸ਼ਾਹ ਮੁਹੰਮਦ ਅਸਲੋਂ ਤ ਹੀ ਰਣਜੀਤ ਸਿੰਘ ਨਾਲ ਇਸ ਹੱਦ ਤਕ ਆਪਣੱਤ ਮਹਿਸੂਸ ਕਰਦਾ ਹੈ ਕਿ ਉਹ ਮਹਾਰਾਜੇ ਦੇ ਮਰਨ ਤੋਂ ਆਪਣੇ ਆਪ ਨੂੰ ਵੀ ਮਰਦਾ ਮਹਿਸੂਸ ਕਰਦਾ ਹੈ।"
>
> (ਜੰਗ ਸਿੰਘਾਂ ਤੇ ਫ਼ਿਰੰਗੀਆਂ: ਇਕ ਅਧਿਐਨ, ਪ੍ਰੋ. ਸੁਦੇਸ਼ਾ/24)

ਸ਼ਾਹ ਮੁਹੰਮਦ ਨੂੰ ਇਸ ਗੱਲ ਦਾ ਦੁੱਖ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੇ ਵਾਰਿਸ ਪੰਜਾਬ ਦੇ ਰਾਜ ਨੂੰ ਸਾਂਭ ਸਕਣ ਵਿਚ ਅਸਫਲ ਰਹੇ ਅਤੇ ਰਾਜ ਦਰਬਾਰ ਦੀ ਘਰੇਲੂ ਲੜਾਈ ਪੰਜਾਬੀਆਂ ਦੇ ਸਾਂਝੇ ਰਾਜ ਦੇ ਖ਼ਾਤਮੇ ਦਾ ਕਾਰਨ ਬਣੀ। ਘਰੇਲੂ ਲੜਾਈ ਕਾਰਨ ਰਾਜ ਦਰਬਾਰ ਵਿਚ ਅਨੇਕਾਂ ਕਤਲ ਹੋਏ। ਸ਼ਾਹ ਮੁਹੰਮਦ ਨੇ ਰਾਜ ਦਰਬਾਰ ਵਿਚ ਹੋਈ ਮਾਰ ਕਾਟ ਨੂੰ ਦੁਖੀ ਹਿਰਦੇ ਨਾਲ ਬਿਆਨ ਕੀਤਾ ਹੈ ਅਤੇ ਉਹ ਦੁਖੀ ਹਿਰਦੇ ਨਾਲ ਲਿਖਦਾ ਹੈ:

- ਸਿਰ ਫ਼ੌਜ ਦੇ ਰਿਹਾ ਨਾ ਕੋਈ ਕੁੰਡਾ,
  ਹੋਏ ਸ਼ੁਤਰ ਜਿਉਂ ਬਾਝ ਮੁਹਾਰ ਮੀਆਂ।
  ਸ਼ਾਹ ਮੁਹੰਮਦਾ ਫਿਰਨ ਸਰਦਾਰ ਲੁਕਦੇ,
  ਭੂਤ ਮੰਡਲੀ ਹੋਈ ਤਿਆਰ ਮੀਆਂ।

ਕੁਝ ਵਿਦਵਾਨਾਂ ਨੇ ਸ਼ਾਹ ਮੁਹੰਮਦ ਉਤੇ ਇਹ ਦੋਸ਼ ਲਾਇਆ ਹੈ ਕਿ ਉਸ ਨੇ ਸਿੱਖ ਫ਼ੌਜ ਲਈ 'ਭੂਤ ਮੰਡਲੀ' ਜਿਹੇ ਅਪਮਾਨਜਨਕ ਸ਼ਬਦ ਵਰਤੇ ਹਨ।

ਡਾ. ਫ਼ੌਜਾ ਸਿੰਘ ਅਨੁਸਾਰ,

> "ਖ਼ਾਲਸਾ ਫ਼ੌਜ ਦੇ ਸਿਪਾਹੀਆਂ ਦੇ ਉਹ (ਸ਼ਾਹ ਮੁਹੰਮਦ) ਦਿਲੋਂ ਵਿਰੁੱਧ ਹੈ ਅਤੇ ਉਹਨਾਂ

ਨੂੰ ਭੂਤ ਮੰਡਲੀ ਜਾਂ ਬੁਰਛੇ ਕਰਾਰ ਦਿੱਤਾ ਹੈ। ਲੜਾਈ ਵਿਚ ਉਹਨਾਂ ਵੱਲੋਂ ਵਿਖਾਈ ਸੂਰਬੀਰਤਾ ਦੀ ਪ੍ਰਸੰਸਾ ਕਰਦਾ ਹੋਇਆ ਵੀ ਉਹ ਉਹਨਾਂ ਨੂੰ ਦੇਸ਼ ਭਗਤ ਹੋਣ ਦਾ ਸਨਮਾਨ ਨਹੀਂ ਦਿੰਦਾ।"

(ਜੰਗ ਸਿੰਘਾਂ ਤੇ ਫ਼ਿਰੰਗੀਆਂ, ਪ੍ਰੋ. ਡੀ. ਆਰ. ਸੁਦੰਗਾ / 25)

ਜੰਗ ਵਿਚ ਖਾਲਸਾ ਫ਼ੌਜ ਦੇ ਬਹਾਦਰ ਪ੍ਰਦਰਸ਼ਨ ਉਪਰ ਵਿਅੰਗ ਕਰਦਾ ਹੋਇਆ ਸ਼ਾਹ ਮੁਹੰਮਦ ਲਿਖਦਾ ਹੈ:

- ਸ਼ਾਹ ਮੁਹੰਮਦਾ ਰਹਿੰਦੇ ਨੇ ਲੋਕ ਸਿੱਖ ਜੀ,
  ਤੁਸੀਂ ਚੰਗੀਆਂ ਪੂਰੀਆਂ ਪਾਇ ਆਇ।

ਸ਼ਾਹ ਮੁਹੰਮਦ ਦੇ ਜੰਗਨਾਮੇ ਦਾ ਅਧਿਐਨ ਕਰਨ ਤੇ ਇਸ ਗੱਲ ਦਾ ਪਤਾ ਲੱਗਦਾ ਹੈ ਕਿ ਸ਼ਾਹ ਮੁਹੰਮਦ ਨੇ ਜਿੱਥੇ ਸਿੰਘਾਂ ਤੇ ਨੁਕਤਾਚੀਨੀ ਕੀਤੀ ਹੈ, ਉਥੇ ਉਸ ਨੇ ਉਹਨਾਂ ਦੀ ਬਹਾਦਰੀ ਦੇ ਸੋਹਲੇ ਵੀ ਗਾਏ ਹਨ ਭਾਵ ਪ੍ਰਸੰਸਾ ਵੀ ਬਹੁਤ ਕੀਤੀ ਹੈ।

ਡਾ. ਟੀ. ਆਰ. ਵਿਨੋਦ ਨੇ ਠੀਕ ਕਿਹਾ ਹੈ,

"ਸ਼ਾਹ ਮੁਹੰਮਦ ਨੇ ਸਿੰਘਾਂ ਦੀ ਹਾਰ ਉਤੇ ਕਈ ਥਾਵਾਂ ਤੇ ਵਿਅੰਗ ਕੀਤੇ ਹਨ, ਪਰੰਤੂ ਇਹ ਵਿਅੰਗ ਇਸ ਤਰ੍ਹਾਂ ਜਾਪਦੇ ਹਨ, ਜਿਵੇਂ ਕੋਈ ਪਿਤਾ ਆਪਣੇ ਪੁੱਤਰ ਨੂੰ ਸਭ ਕੁਝ ਗੁਆ ਆਉਣ ਤੇ ਘੂਰੀਆਂ ਵੱਟ ਰਿਹਾ ਹੋਵੇ। ਪਿਤਾ ਦਾ ਪੁੱਤਰ ਨੂੰ ਘੂਰੀਆਂ ਵੱਟਣਾ ਪਿਤਾ ਦਾ ਵਾਤਸਲ ਪਿਆਰ ਘੱਟ ਨਹੀਂ ਕਰਦਾ।"

ਸ਼ਾਹ ਮੁਹੰਮਦ ਨੇ ਸਿੰਘਾਂ ਦੀ ਬਹਾਦਰੀ ਨੂੰ ਬੜੀ ਚੰਗੀ ਤਰ੍ਹਾਂ

ਪ੍ਰਗਟਾਇਆ ਹੈ! ਸ਼ਾਹ ਮੁਹੰਮਦ ਖ਼ਾਲਸਾ ਫ਼ੌਜ ਦੀ ਤਿਆਰੀ ਅਤੇ ਸੂਰਮਿਆਂ ਦਾ ਜੰਗੀ ਮੈਦਾਨ ਲਈ ਨਿਕਲਣ ਦੇ ਵਰਣਨ ਨੂੰ ਬਹੁਤ ਹੀ ਬਹਾਦਰੀ ਅਤੇ ਪ੍ਰਭਾਵਸ਼ੀਲਤਾ ਨਾਲ ਪ੍ਰਗਟ ਕਰਦਾ ਹੈ।

## ਸ਼ਾਹ ਮੁਹੰਮਦ ਲਿਖਦਾ ਹੈ:

- ਫੌਜਾਂ ਨਿਕਲੀ ਕੂਚ ਦਾ ਹੁਕਮ ਹੋਇਆ,
  ਚੜ੍ਹੇ ਸੂਰਮੇ ਸਿੰਘ ਦਲੇਰ ਮੀਆਂ।
  ਚੜ੍ਹੇ ਪੁੱਤ ਸਰਦਾਰਾਂ ਦੇ ਫੈਲ ਬਾਂਕੇ,
  ਜਿਵੇਂ ਬੇਲਿਓਂ ਨਿਕਲਦੇ ਸ਼ੇਰ ਮੀਆਂ।

ਸ਼ਾਹ ਮੁਹੰਮਦ ਖ਼ਾਲਸਾ ਫ਼ੌਜ ਦੇ ਯੁੱਧ ਮੈਦਾਨ ਵਿਚ ਜੂਝ ਕੇ ਲੜਨ ਨੂੰ ਬੜੀ ਬੀਰਤਾ ਨਾਲ ਪ੍ਰਸਤੁਤ ਕਰਦਾ ਹੈ, ਜਿਨਾਂ ਨੇ ਅੰਗਰੇਜ਼ਾਂ ਦੇ ਛੱਕੇ ਛੁਡਾ ਦਿੱਤੇ। ਸ਼ਾਹ ਮੁਹੰਮਦ ਲਿਖਦਾ ਹੈ:

- ਸਿੰਘ ਸੂਰਮੇ ਆਣ ਮੈਦਾਨ ਲੱਥੇ,
  ਗੰਜ ਲਾਹ ਸੁੱਟੇ ਉਨਾਂ ਨੇ ਗੋਰਿਆਂ ਦੇ!...
  ਸ਼ਾਹ ਮੁਹੰਮਦਾ ਰੰਡ ਬੈਠਾਇ ਲੈਂਦਨ,
  ਸਿੰਘ ਖਾਨ ਲੈਂਦੇ ਨਾਲ ਜ਼ੋਰਿਆਂ ਦੇ।

ਸ਼ਾਹ ਮੁਹੰਮਦ ਦੀਆਂ ਉਪਰੋਕਤ ਪੰਕਤੀਆਂ ਪੜ੍ਹ ਕੇ ਮਨ ਉਤਸ਼ਾਹ ਨਾਲ ਭਰ ਜਾਂਦਾ ਹੈ। ਅਤੇ ਆਪ ਮੁਹਾਰੇ ਸਿੱਖ ਫੌਜ ਦੀ ਪ੍ਰਸੰਸਾ ਦੇ ਸ਼ਬਦ ਮੂੰਹੋਂ ਨਿਕਲ ਜਾਂਦੇ ਹਨ। ਸ਼ਾਹ ਮੁਹੰਮਦ ਖ਼ਾਲਸਾ ਫ਼ੌਜ ਦੇ ਇਕ ਬਹਾਦਰ ਸੂਰਮੇ, ਦੇਸ਼ ਭਗਤ ਅਤੇ ਨਿਰਲੱਖ ਜੋਧੇ ਸ਼ਾਮ ਸਿੰਘ ਅਟਾਰੀਵਾਲੇ ਦੀ ਸੂਰਬੀਰਤਾ ਨੂੰ ਵੀ ਆਕਰਸ਼ਕ ਸ਼ੈਲੀ ਵਿਚ ਪੇਸ਼ ਕਰਦਾ ਹੈ।

## ਸ਼ਾਹ ਮੁਹੰਮਦ ਕਹਿੰਦਾ ਹੈ:

- ਸ਼ਾਮ ਸਿੰਘ ਸਰਦਾਰ ਅਟਾਰੀ ਵਾਲੇ,
  ਬੰਨ੍ਹ ਸ਼ਸਤ੍ਰੀ ਜੋੜ ਵਿਛੋੜ ਸੁੱਟੇ!
  ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ,
  ਵਾਂਗ ਨਿੰਬੂਆਂ ਲਹੂ ਨਿਚੋੜ ਸੁੱਟੇ।

ਸ਼ਾਹ ਮੁਹੰਮਦ ਇਕ ਕਵੀ ਸੀ ਅਤੇ ਉਸ ਲਈ ਕਾਵਿ-ਨਿਆਂ ਨੂੰ ਅਪਨਾਉਣ ਜ਼ਰੂਰੀ ਸੀ। ਇਸ ਕਰਕੇ ਉਹ ਪੱਖਪਾਤ ਰਹਿਤ ਹੋ ਕੇ ਪ੍ਰਤੀਬੱਧਤਾ ਨਾਲ ਸਿਰਫ਼ ਸਿੱਖਾਂ ਦੀ ਬਹਾਦਰੀ ਨੂੰ ਚਿਤਰਦਾ ਹੈ, ਉਸਨੇ ਅੰਗਰੇਜ਼ੀ ਫ਼ੌਜਾਂ ਨੂੰ ਵੀ ਬਹਾਦਰੀ ਦੇ ਪੱਖ ਤੋਂ ਘੱਟ ਕਰਕੇ ਨਹੀਂ ਕਰਦਾ।

## ਪ੍ਰੋ. ਡੀ. ਆਰ. ਸੁਦੇਸ਼ਾ ਅਨੁਸਾਰ,

> "ਉਸ (ਸ਼ਾਹ ਮੁਹੰਮਦ) ਨੇ ਸਿਰਫ਼ ਸਿੱਖਾਂ ਦੀ ਬਹਾਦਰੀ ਨੂੰ ਪ੍ਰਗਟਾਇਆ ਹੈ, ਉਸਨੇ ਅੰਗਰੇਜ਼ਾਂ ਦੀ ਬਹਾਦਰੀ ਨੂੰ ਵੀ ਬਿਆਨ ਕੀਤਾ ਹੈ। ਅਜਿਹਾ ਵਰਣਨ ਉਸ ਦੀ ਕਵਿਤਾ ਨੂੰ ਸੰਤੁਲਨ ਪ੍ਰਦਾਨ ਕਰਦਾ ਹੈ।"
> (ਜੰਗ ਸਿੰਘਾਂ ਤੇ ਫ਼ਿਰੰਗੀਆਂ: ਇਕ ਅਧਿਐਨ/ ੨੬)

ਸ਼ਾਹ ਮੁਹੰਮਦ ਅੰਗਰੇਜ਼ਾਂ ਦੀ ਬਹਾਦਰੀ ਅਤੇ ਡਟ ਕੇ ਮੁਕਾਬਲਾ ਕਰਨ ਦੀ ਜੋਗਤਾ ਨੂੰ ਬਹੁਤ ਹੀ ਪ੍ਰਭਾਵਸ਼ਾਲੀ ਸ਼ਬਦਾਂ ਵਿਚ ਅਭਿ-ਵਿਅਕਤ ਕਰਦਾ ਹੈ।

## ਸ਼ਾਹ ਮੁਹੰਮਦ ਕਹਿੰਦਾ ਹੈ:

- ਅੱਗੇ ਤੋਪਾਂ ਦੇ ਧਨੀ ਭੀ ਹੈਨ ਗੋਰੇ,
  ਵੰਗਾਂ ਪਹਿਣ ਖਲੋਤੀਆਂ ਨਹੀਂ ਕੁੜੀਆਂ।

- ਹੋਇਆ ਹੁਕਮ ਅੰਗਰੇਜ਼ ਨੂੰ ਤੁਰਤ ਜਲਦੀ,
  ਤੋਪਾਂ ਸਾਰੀਆਂ ਨੀਰ ਦੇ ਆਇ ਪੱਲੇ!
  ਫੂਕ ਸੁੱਟੀਆਂ ਸਾਰੀਆਂ ਸੌਂਗਾਬੀਨਾਂ,
  ਸਿੰਘ ਉਡਕੇ ਪੱਤਰਾ ਹੋਇ ਚੱਲੇ।....
  ਉਜੜ ਲਿਆ ਮੈਦਾਨ ਫ਼ਰੰਗੀਆ ਨੇ,
  ਸ਼ਾਹ ਮੁਹੰਮਦਾ ਰਵੇਂ ਨਾ ਮੂਲ ਹੱਲੇ।

ਸ਼ਾਹ ਮੁਹੰਮਦ ਨੂੰ ਇਸ ਗੱਲ ਦਾ ਦੁੱਖ ਹੈ ਕਿ ਸਿੱਖ ਫ਼ੌਜਾਂ ਵਿਚ ਦੇਸ਼-ਭਗਤੀ ਦੀ ਭਾਵਨਾ ਦੀ ਘਾਟ ਸੀ ਅਤੇ ਸਿੱਖ ਆਗੂ ਨਿੱਜੀ ਸਵਾਰਥ

ਵਿਚ ਫਸੇ ਹੋਏ ਸਨ! ਸ਼ਾਹ ਮੁਹੰਮਦ ਉਨ੍ਹਾਂ ਤੇ ਵਿਅੰਗ ਕਰਦਾ ਹੈ, ਜੋ ਸੋਚ ਰਹੇ ਹਨ:

- ਫ਼ਤਹ ਕਰਾਂਗੇ ਨਾਲ ਫਿਰੰਗੀਆਂ ਦੇ,
  ਉਥੋਂ ਲਿਆਵਾਂਗੇ ਦੌਲਤਾਂ ਬੋਰੀਆਂ ਨੀ।
  ਪਿਛੋਂ ਵੜਾਂਗੇ ਉਹਨਾਂ ਦੇ ਸਤਰ-ਖਾਨੇ,
  ਬੰਨ੍ਹ ਲਿਆਵਾਂਗੇ ਉਨ੍ਹਾਂ ਦੀਆਂ ਗੋਰੀਆਂ ਨੀ।

ਪੰਜਾਬੀ ਖ਼ਾਲਸਾ ਫ਼ੌਜ ਦੀ ਆਪਣੀ ਗ਼ਲਤੀ ਕਾਰਨ ਵਾਪਰੇ ਦੁਖਾਂਤ ਦਾ ਸ਼ਾਹ ਮੁਹੰਮਦ ਨੂੰ ਬਹੁਤ ਦੁੱਖ ਹੈ। ਇਸ ਦੁੱਖ ਤੇ ਹੰਝੂ ਕੇਰਦਾ ਹੋਇਆ ਪਾਠਕਾਂ ਦੀਆਂ ਅੱਖਾਂ ਵੀ ਆਪਣੀ ਕਵਿਤਾ ਦੁਆਰਾ ਨਮ ਕਰ ਦਿੱਤਾ ਹੈ!

ਸ਼ਾਹ ਮੁਹੰਮਦ ਲਿਖਦਾ ਹੈ:

- ਕਈ ਮਾਵਾਂ ਦੇ ਪੁੱਤਰ ਨੇ ਮੋਏ ਉਥੇ,
  ਸੀਨੇ ਲੱਗੀਆਂ ਤੇਗ਼ ਕਟਾਰੀਆਂ ਨੀ।
  ਜਿਨ੍ਹਾਂ ਭੈਣਾਂ ਨੂੰ ਵੀਰ ਨਾ ਮਿਲੇ ਮੁੜ ਕੇ,
  ਪਈਆਂ ਰੋਂਦੀਆਂ ਫਿਰਨ ਵਿਚਾਰੀਆਂ ਨੀ।

ਭਾਵੇਂ ਅੰਗਰੇਜ਼ ਪੰਜਾਬ ਤੇ ਕਾਬਜ਼ ਹੋ ਗਏ, ਪਰ ਸ਼ਾਹ ਮੁਹੰਮਦ ਅਨੁਸਾਰ ਉਹਨਾਂ ਨਾਲ ਕਿਸੇ ਦਾ ਕੋਈ ਵਾਸਤਾ ਨਹੀਂ। ਉਸ ਨੂੰ ਹਿੰਦੂਆਂ ਤੇ ਮੁਸਲਮਾਨਾਂ ਦੇ ਸਾਂਝੇ ਰਾਜ ਦੇ ਮੁੜ ਸਥਾਪਤ ਹੋ ਜਾਣ ਦੀ ਆਸ ਹੈ। ਇਸ ਕਰਕੇ ਸ਼ਾਹ ਮੁਹੰਮਦ ਲਿਖਦਾ ਹੈ:

- ਰੱਬ ਚਾਹੇ ਤਾਂ ਕਰੇਗਾ ਸਿਰਦਾਰੀ,
  ਹੋਇਆ ਸਿੰਘਾਂ ਦਾ ਕੰਮ ਅਰਾਸਤਾ ਈ!
  ਵੱਡੀ ਸਾਂਝ ਹੈ ਹਿੰਦੂਆਂ ਮੁਸਲਮਾਨਾਂ,
  ਉਨ੍ਹਾਂ ਨਾਲ ਨਾ ਕਿਸੇ ਦਾ ਵਾਸਤਾ ਈ।

ਸ਼ਾਹ ਮੁਹੰਮਦ ਇਸ ਹਾਰ ਦਾ ਕਾਰਨ ਮਹਾਰਾਜਾ ਰਣਜੀਤ ਸਿੰਘ ਦੀ ਅਣਹੋਂਦ ਨੂੰ ਮੰਨਦਾ ਹੈ। ਕਿਉਂਕਿ ਉਨ੍ਹਾਂ ਦੀ ਮੌਤ ਤੋਂ ਬਾਅਦ ਹੀ ਰਾਜ-

ਦਰਬਾਰ ਵਿਚ ਲੋਕ ਇਕ ਦੂਜੇ ਦੇ ਵਿਰੁੱਧ ਹੋ ਗਏ ਅਤੇ ਸਾਜ਼ਿਸ਼ਾਂ ਘੜਣ ਲੱਗ ਪਏ! ਰਾਜ ਦਰਬਾਰ ਦੇ ਕੁਝ ਗੱਦਾਰਾਂ ਕਾਰਨ ਹੀ ਖਾਲਸਾ ਫੌਜ ਬਹਾਦਰੀ ਨਾਲ ਲੜਣ ਦੇ ਬਾਵਜੂਦ ਹਾਰ ਗਈ ਸੀ। ਕਵੀ ਕਹਿੰਦਾ ਹੈ ਕਿ ਜੇਕਰ ਰਣਜੀਤ ਸਿੰਘ ਜਿਉਂਦਾ ਹੁੰਦਾ ਤਾਂ ਖਾਲਸੇ ਦੀ ਬਹਾਦਰੀ ਦਾ ਮੁੱਲ ਪੈਂਦਾ! ਇਸ ਸੰਬੰਧ ਵਿਚ <u>ਸ਼ਾਹ ਮੁਹੰਮਦ ਲਿਖਦਾ ਹੈ:</u>

- ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ,
  ਜੇਹੜੀਆਂ ਖਾਲਸੇ ਨੇ ਤੇਗਾਂ ਮਾਰੀਆਂ ਨੇ!

ਉਪਰੋਕਤ ਗੱਲ ਤੋਂ ਇਹ ਸਮਝ ਲੈਣਾ ਕਿ ਜੰਗਨਾਮੇ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਅਣਹੋਂਦ ਹੈ, ਬਿਲਕੁਲ ਗਲਤ ਹੈ! ਕਿਉਂਕਿ ਉਹ ਜੰਗਨਾਮੇ ਵਿਚ ਅਣਹੋਂਦ ਕਾਰਨ ਹੀ ਆਪਣੀ ਹੋਂਦ ਸਥਾਪਿਤ ਕਰਦੇ ਦਿਖਾਏ ਗਏ ਹਨ ਜਿਸ ਨੂੰ ਸ਼ਾਹ ਮੁਹੰਮਦ ਨੇ ਸੂਝਵਾਨ ਤਰੀਕੇ ਨਾਲ ਪੇਸ਼ ਕੀਤਾ ਹੈ। <u>ਡਾ. ਹਰਭਜਨ ਸਿੰਘ ਅਨੁਸਾਰ,</u>

> "ਜੰਗਨਾਮੇ ਵਿਚ ਕਿਸੇ ਵੀ ਵੇਰਵੇ ਨੂੰ ਮਹਾਰਾਜਾ ਰਣਜੀਤ ਸਿੰਘ ਦੀ ਅਣਹੋਂਦ ਦੇ ਇਤਿਹਾਸ ਤੋਂ ਬਗੈਰ ਨਹੀਂ ਸਮਝਿਆ ਜਾ ਸਕਦਾ।"
> (ਸ਼ਾਹ ਮੁਹੰਮਦ: ਜੀਵਨ ਤੇ ਰਚਨਾ, ਭੀਮ ਇੰਦਰ / 111)

ਕੁਝ ਵਿਦਵਾਨਾਂ ਨੇ ਸ਼ਾਹ ਮੁਹੰਮਦ ਉਤੇ ਇਹ ਦੋਸ਼ ਲਾਇਆ ਹੈ ਕਿ ਉਸ ਨੇ ਲਾਲ ਸਿੰਘ ਵਰਗੇ ਗੱਦਾਰ ਦੀ ਗੱਦਾਰੀ ਨੂੰ ਨੰਗਿਆਂ ਨਹੀਂ ਕੀਤਾ ਅਤੇ ਨਾ ਹੀ ਪੰਜਾਬੀਆਂ ਦੀ ਹਾਰ ਦਾ ਦੋਸ਼ ਡੋਗਰੇ ਸਰਦਾਰਾਂ ਉਪਰ ਲਾਇਆ ਹੈ! ਸਗੋਂ ਰਾਣੀ ਜਿੰਦਾਂ ਨੂੰ ਦੋਸ਼ੀ ਠਹਿਰਾਇਆ ਹੈ। ਇਹਨਾ ਵਿਦਵਾਨਾਂ ਦਾ ਵਿਚਾਰ ਹੈ ਕਿ ਕਵੀ ਦਾ ਇਹ ਰਵੱਈਆ ਉਸ ਦੀ ਦੇਸ਼ ਭਗਤੀ ਤੇ ਸੱਟ ਮਾਰਦਾ ਹੈ! ਜਿਥੋਂ ਤੱਕ ਪੰਜਾਬੀਆਂ ਦੀ ਹਾਰ ਲਈ ਰਾਣੀ ਜਿੰਦਾਂ ਨੂੰ ਦੋਸ਼ੀ ਠਹਿਰਾਏ ਜਾਣ ਦਾ ਸੰਬੰਧ ਹੈ, ਇਹ ਗੱਲ ਇਤਿਹਾਸ ਵਿਚ ਚਰਚਾ ਦਾ ਵਿਸ਼ਾ ਬਣੀ ਹੋਈ ਹੈ।

ਜਿਥੋਂ ਤੱਕ ਸ਼ਾਹ ਮੁਹੰਮਦ ਦਾ ਸੰਬੰਧ ਹੈ, ਉਹ ਇਕ ਕਵੀ

ਸੀ, ਇਤਿਹਾਸਕਾਰ ਨਹੀਂ। ਕਮਜ਼ੋਰੀਆਂ ਛੋਟੀਆਂ-ਮੋਟੀਆਂ ਉਕਾਈਆਂ ਉਸ ਦੀ ਦੇਸ਼ ਭਗਤੀ / ਪੰਜਾਬੀਅਤ ਦੀ ਭਾਵਨਾ ਨੂੰ ਘਟਾ ਜਾਂ ਖਤਮ ਨਹੀਂ ਕਰ ਸਕਦੀਆਂ। ਇਸ ਸੰਬੰਧ ਵਿਚ ਪ੍ਰੋ. ਕਸੇਲ ਦੇ ਕਥਨ ਜ਼ਿਕਰਯੋਗ ਹਨ। ਪ੍ਰੋ. ਕਿਰਪਾਲ ਸਿੰਘ ਕਸੇਲ ਅਨੁਸਾਰ,

"ਉਸ (ਸ਼ਾਹ ਮੁਹੰਮਦ) ਦੀਆਂ ਇਹ ਉਕਾਈਆਂ ਜਾਂ ਇਤਿਹਾਸਿਕ ਤਰੁੱਟੀਆਂ ਉਸ ਦੇ ਇਤਿਹਾਸ ਪ੍ਰਤੀ ਅਪਣਾਏ ਗਏ ਸਮੁੱਚੇ ਦ੍ਰਿਸ਼ਟੀਕੋਣ ਤੇ ਹਾਵੀ ਤੇ ਭਾਰੂ ਨਹੀਂ ਹੁੰਦੀਆਂ ਅਤੇ ਨਾਂ ਹੀ ਉਸ ਦੀ ਦੇਸ਼ ਭਗਤੀ ਦੀ ਭਾਵਨਾ ਨੂੰ ਕੋਈ ਵਿਸ਼ੇਸ਼ ਚੁਣੌਤੀ ਦਿੰਦੀਆਂ ਹਨ।"
(ਜੰਗ ਸਿੰਘਾਂ ਤੇ ਫ਼ਿਰੰਗੀਆਂ: ਇਕ ਅਧਿਐਨ, ਪ੍ਰੋ. ਡੀ. ਆਰ ਸੁਦਰਸ਼ਨ, ਪੰਨਾ ਨੰ. 27)

ਇਸ ਤਰ੍ਹਾਂ ਉਪਰੋਕਤ ਵਿਚਾਰ ਚਰਚਾ ਤੋਂ ਅਸੀਂ ਸਹਿਜੇ ਹੀ ਇਸ ਨਿਸ਼ਕਰਸ਼ ਉਪਰ ਪਹੁੰਚਦੇ ਹਾਂ ਕਿ ਸ਼ਾਹ ਮੁਹੰਮਦ ਇਕ ਦੇਸ਼ ਭਗਤ ਅਤੇ ਪੰਜਾਬੀਅਤ ਨੂੰ ਸ਼ਿੱਦਤ ਨਾਲ ਪਿਆਰ ਕਰਨ ਵਾਲਾ ਕਵੀ ਸੀ। ਉਸ ਦੀ ਪੰਜਾਬੀਅਤ ਅਤੇ ਦੇਸ਼ ਭਗਤੀ ਦਾ ਜਜ਼ਬਾ ਉਸ ਦੀ ਰਚਨਾ 'ਜੰਗ ਹਿੰਦ ਤੇ ਪੰਜਾਬ' ਵਿਚੋਂ ਫੁੱਟ-ਫੁੱਟ ਕੇ ਪੈਂਦਾ ਹੈ। ਇਹੀ ਕਾਰਨ ਹੈ ਕਿ ਵਿਦਵਾਨਾਂ/ਆਲੋਚਕਾਂ ਨੇ ਉਸ ਦੀ ਦੇਸ਼ ਭਗਤੀ ਅਤੇ ਪੰਜਾਬੀਅਤ ਦੀ ਭਾਵਨਾ ਨੂੰ ਸਵੀਕਾਰ ਕੀਤਾ ਹੈ ਅਤੇ ਉਸ ਨੂੰ 'ਕੌਮੀ ਕਵੀ' ਕਹਿ ਕੇ ਸਨਮਾਨਿਆ ਹੈ। ਇਸ ਸੰਬੰਧੀ ਪ੍ਰੋ. ਪਿਆਰਾ ਸਿੰਘ ਪਦਮ ਨੇ ਠੀਕ ਲਿਖਿਆ ਹੈ,

"ਕਿਵੇਂ ਸ਼ਾਹ ਮੁਹੰਮਦ ਨੇ 'ਕੌਮੀ ਸ਼ਾਇਰ' ਬਣ ਕੇ ਪੰਜਾਬੀ ਸੁਤੰਤਰਤਾ ਤੇ ਪੰਜਾਬੀ ਸੁਾਧੀਨਤਾ ਦਾ ਪੱਖ ਪੂਰਦਿਆਂ ਇਹ ਸਤਰਾਂ ਲਿਖੀਆਂ, ਉਹ ਆਪਣੀ ਮਿਸਾਲ ਆਪ ਹੈ।" (Same Source/27)

ਸੋ ਸ਼ਾਹ ਮੁਹੰਮਦ ਪਹਿਲਾ ਦੇਸ਼ ਭਗਤ ਕਵੀ ਹੈ ਜਿਸ ਨੇ ਪੰਜਾਬੀਆਂ ਦੇ ਹਾਰ ਦੇ ਮਾਤਮਾਂ ਤੇ ਹਾਰ ਦਾ ਕਾਰਨ ਲਿਖਿਆ ਹੈ। ਉਹ ਇਕ ਚੇਤੰਨ, ਦਲੇਰ ਤੇ ਜਿਗਰੇ ਵਾਲਾ ਕਲਾਕਾਰ ਹੈ ਜਿਸ ਨੇ ਪੰਜਾਬ ਦੀ ਆਪ ਬੀਤੀ ਨੂੰ ਇਮਾਨ, ਜੋਸ਼ ਅਤੇ ਸੰਜਮਤਾ ਸਹਿਤ ਕਲਮਬੰਦ ਕੀਤਾ ਹੈ। ਸ਼ਾਹ ਮੁਹੰਮਦ ਦੀ ਦੇਸ਼ ਭਗਤੀ ਦੇ ਜਜ਼ਬੇ ਨੂੰ ਵਡਿਆਉਂਦੇ ਹੋਇਆਂ, ਡਾ. ਜੀਤ ਸਿੰਘ ਸੀਤਲ ਲਿਖਦੇ ਹਨ,

"ਸ਼ਾਹ ਮੁਹੰਮਦ ਦੀ ਹੂਕ ਸਾਡੇ ਕੰਨਾਂ ਵਿਚ ਸਦਾ ਗੂੰਜਦੀ ਰਹੇਗੀ, ਸਦਾ ਤੜਫਾਂਦੀ ਰਹੇਗੀ- ਸਦਾ ਦੇਸ਼ ਪਿਆਰ ਲਈ ਉਭਾਰਦੀ ਰਹੇਗੀ - ਹਰ ਸੰਕਟ ਕੁਰਬਾਨੀ ਤੇ ਸ਼ਹਾਦਤ ਦੀ ਪ੍ਰੇਰਨਾ ਦਿੰਦੀ ਰਹੇਗੀ।"

(Same Source, Page no. 27)

..... ...... ......